BRAMPTON Flower City
brampton.ca

Service and Information Update

6 ਸਤੰਬਰ, 2018

# ਸਿਟੀ ਆਫ ਬ੍ਰੈਂਪਟਨ ਨੇ ਰਿਹਾਇਸ਼ੀ ਸਥਾਨਾਂ ਲਈ ਉਪਯੁਕਤ ਤਾਪ ਸ਼ੁਰੂ ਕਰਨ ਦੀ ਤਾਰੀਖ ਅੱਗੇ ਵਧਾਈ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਕਿਰਾਏ ਵਾਲੇ ਨਿਵਾਸ-ਸਥਾਨਾਂ ਦੇ ਮਕਾਨ ਮਾਲਕਾਂ ਨੂੰ 22 ਸਤੰਬਰ, 2018 ਤੱਕ ਰਿਹਾਇਸ਼ੀ ਕਿਰਾਏ ਵਾਲੀਆਂ ਯੂਨਿਟਾਂ ਲਈ ਤਾਪ ਪੱਧਤੀ ਸ਼ੁਰੂ ਕਰਨ ਦੀ ਸਲਾਹ ਦਿੰਦੀ ਹੈ।

ਆਮ ਤੌਰ 'ਤੇ, ਉਪਯੁਕਤ ਤਾਪ ਬਾਇ-ਲਾਅ (ਉਪ-ਨਿਯਮ) (Adequate Heat By-law) ਦੇ ਮੁਤਾਬਕ 15 ਸਤੰਬਰ ਤੋਂ ਸ਼ੁਰੂ ਕਰਦੇ ਹੋਏ ਕਿਰਾਏ ਦੇ ਨਿਵਾਸ ਸਥਾਨਾਂ ਵਿੱਚ ਮਕਾਨ ਮਾਲਕਾਂ ਵੱਲੋਂ ਉਚਿਤ ਤਾਪ ਮੁਹੱਈਆ ਕਰਨ ਦੀ ਲੋੜ ਹੈ। ਹਾਲਾਂਕਿ, ਜ਼ਿਆਦਾਤਰ ਸਤੰਬਰ ਲਈ 20 ਸੈਲਸੀਅਸ ਤੋਂ ਵੱਧ ਤਾਪ ਦੀ ਮੌਸਮ ਦੀ ਭਵਿੱਖਬਾਣੀ ਨੂੰ ਦੇਖਦੇ ਹੋਏ, ਸਿਟੀ ਨੇ ਸ਼ੁਰੂ ਕਰਨ ਦੀ ਤਾਰੀਖ 15 ਸਤੰਬਰ ਤੋਂ 22 ਸਤੰਬਰ ਕਰ ਦਿੱਤੀ ਹੈ।

ਇਹ adequate heat by-law (ਉਪਯੁਕਤ ਤਾਪ ਬਾਇ-ਲਾਅ) ਵਿੱਚ 2017 ਦੇ ਸੋਧ ਦੇ ਮੁਤਾਬਕ ਹੈ, ਜਿਸ ਵਿੱਚ ਜੇਕਰ ਲੋੜ ਪੈਂਦੀ ਹੈ ਅਤੇ ਮੌਸਮ ਦੀਆਂ ਸਥਿਤੀਆਂ ਦੇ ਆਧਾਰ 'ਤੇ, ਐਨਫੋਰਸਮੈਂਟ ਐਂਡ ਬਾਇ-ਲਾਅ ਸਰਵਿਸਿਜ ਦੇ ਡਾਇਰੈਕਟਰ (Director of Enforcement and By-Law Services) ਕੋਲ ਤਾਪ ਪੱਧਤੀ ਸ਼ੁਰੂ ਕਰਨ ਦੀ ਤਾਰੀਖ ਦੀ ਸਿਫ਼ਾਰਿਸ਼ ਲਈ ਕਾਉਂਸਿਲ ਦੀ ਨਿਯੁਕਤ ਕੀਤੀ ਅਥਾਰਿਟੀ ਹੈ।

FAQs (ਅਕਸਰ ਪੁੱਛੇ ਜਾਣ ਵਾਲੇ ਸਵਾਲਾਂ) ਲਈ ਸਿਟੀ ਦੀ ਵੈਬਸਾਈਟ 'ਤੇ ਹੋਰ ਪੜ੍ਹੋ।

-30-


**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਰਿਲੇਸ਼ਨਸ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca